
Film-28.qxd 10/28/2025 5:41 PM Page 1

ਅਜੀਤ
ਮਨੋਰੰਜਨ ਸਪਲੀਮੈਂਟ
ਬੁੱਧਵਾਰ, 29 ਅਕਤੂਬਰ, 2025



# ਛੋਟੇ ਪਰਦੇ ਦੀਆਂ ਸੰਸਕਾਰੀ ਨੂੰਹਾਂ ਦਾ ਬਦਲਿਆ ਹੋਇਆ ਰੂਪ





(ਲੜੀ ਜੋੜਨ ਲਈ ਪਿਛਲੇ ਬੁੱਧਵਾਰ ਦਾ ਅੰਕ ਦੇਖੋ)

## ਸੰਜੀਦਾ ਸ਼ੇਖ

ਟੀ.ਵੀ. 'ਤੇ ਕਾਫ਼ੀ ਸਿੱਧੀ-ਸਾਧੀ ਅਤੇ ਸੰਸਕਾਰੀ ਨੂੰਹ ਦੇ ਅਵਤਾਰ ਵਿਚ ਨਾਂਅ ਕਮਾਉਣ ਤੋਂ ਬਾਅਦ ਜਦੋਂ ਅਦਾਕਾਰਾ ਸੰਜੀਦਾ ਸ਼ੇਖ ਸੰਜੈ ਲੀਲਾ ਭੰਸਾਲੀ ਦੀ ਸੀਰੀਜ਼ 'ਹੀਰਾਮੰਡੀ' ਵਿਚ ਆਈ ਤਾਂ ਇਸ ਸ਼ੋਅ ਵਿਚ ਉਸ ਦਾ ਇਕ ਵੱਖਰਾ ਹੀ ਅੰਦਾਜ਼ ਨਜ਼ਰ ਆਇਆ। ਇਸ ਤੋਂ ਪਹਿਲਾਂ ਵੀ ਵੈੱਬ ਸੀਰੀਜ਼ 'ਤੈਸ਼' ਵਿਚ ਸੰਜੀਦਾ ਸ਼ੇਖ਼ ਇਕ ਤੋਂ ਵਧ ਕੇ ਇਕ ਕਈ ਇੰਟੀਮੇਟ ਦ੍ਰਿਸ਼ ਦੇ ਕੇ ਤਹਿਲਕਾ ਮਚਾ ਚੁੱਕੀ ਹੈ।



## ਕ੍ਰਿਸਟਲ ਡਿਸੂਜ਼ਾ

ਟੀ.ਵੀ. ਸ਼ੋਅ 'ਏਕ ਹਜ਼ਾਰੋਂ ਮੇਂ ਮੇਰੀ ਬਹਿਨਾ ਹੈ' ਤੋਂ ਟੀ.ਵੀ. ਦੀ ਦੁਨੀਆ ਵਿਚ ਕਦਮ ਰੱਖਣ ਵਾਲੀ ਅਦਾਕਾਰਾ ਕ੍ਰਿਸਟਲ ਡਿਸੂਜ਼ਾ ਦਾ ਸਿੱਧਾ-ਸਾਧਾ ਅੰਦਾਜ਼ ਸਭ ਨੂੰ ਪਸੰਦ ਆਇਆ ਸੀ। ਇਸ ਕਿਰਦਾਰ ਨਾਲ ਉਸ ਨੇ ਘਰ-ਘਰ ਵਿਚ ਪਹੁੰਚ ਬਣਾਈ ਸੀ। ਪਰ ਓ.ਟੀ.ਟੀ. ਸ਼ੋਅ 'ਫਿਤਰਤ' ਵਿਚ ਆਉਂਦੇ ਹੀ ਜਦੋਂ ਉਸ ਨੇ ਆਕਰਸ਼ਕ ਦ੍ਰਿਸ਼ ਵਾਲਾ ਆਪਣਾ ਵੱਖਰਾ ਹੀ ਰੂਪ ਦਿਖਾਇਆ ਤਾਂ ਉਸ ਦੀ ਅਸਲ ਫਿਤਰਤ ਜ਼ਾਹਿਰ ਹੋ ਗਈ।

ਐਮ.ਐਕਸ ਪਲੇਅਰ ਦੀ ਵੈੱਬ ਸੀਰੀਜ਼ 'ਫਰਸਟ ਕਾਪੀ' ਵਿਚ ਮੁਨੱਵਰ ਫਾਰੂਕੀ ਨਾਲ ਕ੍ਰਿਸਟਲ ਦਾ ਅੰਦਾਜ਼ ਦਰਸ਼ਕਾਂ ਲਈ ਜਾਨਲੇਵਾ ਸਾਬਿਤ ਹੋਇਆ ਹੈ।



## ਸ਼ਮਾ ਸਿਕੰਦਰ

ਟੀ.ਵੀ. ਸ਼ੋਅ 'ਯੇ ਮੇਰੀ ਲਾਈਫ਼ ਹੈ' ਇਕ ਬੇਹੱਦ ਸ਼ਾਲੀਨ ਅਤੇ ਖ਼ੂਬਸੂਰਤ ਅੰਦਾਜ਼ ਵਿਚ ਨਜ਼ਰ ਆਉਣ ਵਾਲੀ ਅਦਾਕਾਰਾ ਸ਼ਮਾ ਸਿਕੰਦਰ, ਟੀ.ਵੀ. ਸ਼ੋਅ ਤੋਂ ਜ਼ਿਆਦਾ ਸੋਸ਼ਲ ਮੀਡੀਆ 'ਤੇ ਸਰਗਰਮ ਰਹਿੰਦੀ ਹੈ। ਖ਼ਾਸ ਕਰਕੇ ਇੰਸਟਾਗ੍ਰਾਮ 'ਤੇ ਉਸ ਵਲੋਂ ਬਿਕਨੀ ਫੋਟੋ ਸ਼ੂਟਸ ਨਾਲ ਲੋਕ ਕਾਫ਼ੀ ਲਲਚਾਈਆਂ ਹੋਈਆਂ ਅੱਖਾਂ ਨਾਲ ਦੇਖਦੇ ਹੋਏ ਨਜ਼ਰ ਆਉਂਦੇ ਹਨ।

'ਯੇ ਮੇਰੀ ਲਾਈਫ਼ ਹੈ' ਵਿਚ ਸ਼ਾਲੀਨ ਅੰਦਾਜ਼ ਵਿਚ ਨਜ਼ਰ ਆ ਚੁੱਕੀ ਸ਼ਮਾ ਸਿਕੰਦਰ ਓ.ਟੀ.ਟੀ. 'ਤੇ ਆਉਣ ਤੋਂ ਬਾਅਦ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਓ.ਟੀ.ਟੀ. ਵੈੱਬ ਸੀਰੀਜ਼ 'ਮਾਇਆ : ਸਲੇਵ ਆਫ਼ ਹਰ ਡਿਜ਼ਾਇਰਜ਼' ਵਿਚ ਉਸ ਨੇ ਆਪਣੇ ਆਕਰਸ਼ਕ ਦ੍ਰਿਸ਼ਾਂ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਸੀ।

## ਰਿੱਧੀ ਡੋਗਰਾ

ਟੀ.ਵੀ. ਸ਼ੋਅ 'ਮਰਿਆਦਾ' ਵਿਚ ਪ੍ਰਿਆ ਦਾ ਕਿਰਦਾਰ ਨਿਭਾ ਕੇ ਅਦਾਕਾਰਾ ਰਿੱਧੀ ਡੋਗਰਾ ਰਾਤੋ-ਰਾਤ ਮਸ਼ਹੂਰ ਹੋ ਗਈ ਸੀ। ਉਸ ਤੋਂ ਬਾਅਦ ਰਿੱਧੀ ਨੇ ਜਦੋਂ ਓ.ਟੀ.ਟੀ. ਸ਼ੋਅ 'ਦ ਮੈਰਿਡ ਵੂਮਨ' ਵਿਚ ਖ਼ੂਬ ਆਕਰਸ਼ਕ ਦ੍ਰਿਸ਼ ਦਿੱਤੇ ਤਾਂ ਉਸ ਦੇ ਇਸ ਨਵੇਂ ਅੰਦਾਜ਼ ਨੂੰ ਦੇਖ ਕੇ ਪ੍ਰਸ਼ੰਸਕਾਂ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ।

(ਸਮਾਪਤ)



# ਤਾਰਾ ਸੁਤਾਰੀਆ

## 6 ਸਾਲ, 4 ਫ਼ਿਲਮਾਂ

**ਆਪਣੀ** ਦਿੱਖ ਤੇ ਫਿਲਮਾਂ ਨੂੰ ਲੈ ਕੇ ਫ਼ਿਲਮ ਅਭਿਨੇਤਰੀ ਤਾਰਾ ਸੁਤਾਰੀਆ ਹਮੇਸ਼ਾ ਸੁਰਖੀਆਂ ਵਿਚ ਰਹੀ ਹੈ। ਅੱਜਕਲ੍ਹ ਇਹ ਹਸੀਨਾ ਵੀਰ ਪਹਾੜੀਆ ਨਾਲ ਆਪਣੇ ਸੰਬੰਧਾਂ ਨੂੰ ਲੈ ਕੇ ਚਰਚਾ ਵਿਚ ਹੈ। ਗਣੇਸ਼ ਚਤੁਰਥੀ ਦਾ ਤਿਉਹਾਰ ਵੀ ਇਸ ਵਾਰ ਤਾਰਾ ਨੇ ਵੀਰ ਨਾਲ ਹੀ ਮਨਾਇਆ। 'ਭਗਤੀ ਵਿਸ਼ਵਾਸ ਤੇ ਜਸ਼ਨ' ਤਾਰਾ ਨੂੰ ਵੀਰ ਨੇ ਹੀ ਸਿਖਾ ਦਿੱਤਾ ਹੈ ਤੇ ਤਾਰਾ ਕਹਿ ਰਹੀ ਹੈ ਕਿ ਵੀਰ ਦੇ ਮਿਲਣ ਨਾਲ ਉਹ ਮਸਤੀ ਵੀ ਕਰਦੀ ਹੈ ਪਰ ਉਸ ਦਾ ਵਿਸ਼ਵਾਸ ਇਸ ਪਾਸੇ ਜ਼ਿਆਦਾ ਵਧ ਰਿਹਾ ਹੈ ਕਿ 'ਭਗਤੀ ਮੇਂ ਸ਼ਕਤੀ ਹੈ'। ਮੁੱਕਦੀ ਗੱਲ ਤੇ ਢੁੱਕਦੀ ਗੱਲ ਇਥੇ ਇਹ ਹੈ ਕਿ ਤਾਰਾ ਦੇ ਪ੍ਰਸ਼ੰਸਕਾਂ ਨੇ ਕਿਹਾ ਕਿ ਤੁਸੀਂ ਦੋਵੇਂ ਗਜ਼ਬ ਦੇ ਲਗਦੇ ਹੋ ਤੇ ਵੇਲਾ ਸਾਂਭ ਲਵੋ ਵਿਆਹ ਦੇ ਕਾਰਡ ਛਪਣੇ ਦਿਓ ਨਹੀਂ ਤਾਂ ਮੰਦਿਰ ਜਾ ਕੇ ਫੇਰੇ ਲਵੋ, ਮਤਲਬ ਕਿ ਤਾਰਾ ਦੇ ਦੀਵਾਨੇ ਚਾਹੁੰਦੇ ਹਨ ਕਿ ਤਾਰਾ ਦਾ ਘਰ ਆਬਾਦ ਹੋਵੇ ਤੇ ਉਸ ਦੇ ਹੱਥੀਂ ਵੀ ਲਾਲ ਚੂੜਾ ਸਜ ਜਾਵੇ। 'ਬਿਗ ਬੜਾ ਬੂਮ' ਟੀ.ਵੀ. ਦੇ ਸ਼ੋਅ 'ਚ ਬਾਲ ਕਲਾਕਾਰ ਬਣ ਕੇ ਆਈ ਤਾਰਾ ਨੂੰ ਕਰਨ ਜੌਹਰ ਨੇ ਕਾਮਯਾਬੀ ਦਾ ਆਕਾਸ਼ ਦਿਖਾਇਆ ਹੈ। ਵੀਰ ਪਹਾੜੀਆ ਨੇ ਤਾਂ ਆਪਣੀ ਲੜਕੀ ਮਿੱਤਰ ਨੂੰ 'ਪਟਾਕਾ' ਤੱਕ ਦੀਵਾਲੀ 'ਤੇ ਆਖ ਦਿੱਤਾ ਤੇ ਕਿਹਾ ਕਿ ਮੇਰੀ ਫੁਲਝੜੀ ਨਹੀਂ ਵੱਡਾ ਪਟਾਕਾ ਹੈ, ਤਾਰਾ ਜਿਸ ਦੀ ਰੌਸ਼ਨੀ ਠਾਹ ਕਰਨ ਤੋਂ ਪਹਿਲਾਂ ਬਹੁਤ ਹੁੰਦੀ ਹੈ। 'ਛੇ ਸਾਲ ਦੇ ਫ਼ਿਲਮੀ ਕੈਰੀਅਰ ਵਿਚ ਉਸਨੇ ਚਾਰ ਫਿਲਮਾਂ ਕੀਤੀਆਂ ਹਨ ਤੇ ਚਾਰ ਹੀ ਉਸ ਦੇ ਪ੍ਰੇਮੀ ਰਹੇ ਹਨ, ਜਿਨ੍ਹਾਂ 'ਚ ਆਦਰ ਜੈਨ ਵੀ ਸ਼ਾਮਿਲ ਹੈ। ਮਜ਼ੇ ਦੀ ਗੱਲ ਇਹ ਹੈ ਕਿ ਤਾਰਾ ਨੇ ਕੋਈ ਵੀ ਸੁਪਰਹਿੱਟ ਫ਼ਿਲਮ ਨਹੀਂ ਦਿੱਤੀ। ਹਾਂ, ਤਿੰਨ ਸਾਲ ਪਹਿਲਾਂ ਆਈ ਉਸ ਦੀ ਫਿਲਮ 'ਹੀਰੋਪੰਤੀ-2' ਕਾਫੀ ਹੱਦ ਕਾਮਯਾਬ ਰਹੀ। ਤਾਰਾ ਨੂੰ ਇਸ ਸਮੇਂ ਜਿਥੇ ਵੀਰ ਨਾਲ ਨੇੜਤਾ ਦੀ ਖ਼ੁਸ਼ੀ ਹੈ, ਉਥੇ ਆਦਰ ਜੈਨ ਵਲੋਂ ਉਸ ਨੂੰ 'ਟਾਈਮ ਪਾਸ' ਕਹੇ ਜਾਣ 'ਤੇ ਦੁੱਖ 'ਤੇ ਗੁੱਸਾ ਹੈ। ਕਰੀਨਾ ਕਪੂਰ ਦੇ ਰਿਸ਼ਤੇਦਾਰ ਆਦਰ ਜੈਨ ਨੇ ਆਲੇਖਾ ਅਡਵਾਨੀ ਨਾਲ ਵਿਆਹ ਕਰਵਾਇਆ ਹੈ ਤੇ ਮੀਡੀਆ ਨੂੰ ਤਾਰਾ ਸੁਤਾਰੀਆ ਬਾਬਤ ਹੋਈ ਗੱਲਬਾਤ 'ਚ ਕਿਹਾ ਹੈ ਕਿ ਅਲੇਖਾ ਨਾਲ ਮੇਰਾ ਵਿਆਹ ਜਨਮ-ਜਨਮ ਦਾ ਸਾਥ ਹੈ ਜਦ ਕਿ ਚਾਰ ਸਾਲ ਤੱਕ ਤਾਰਾ ਨਾਲ ਦੋਸਤੀ ਰਹੀ ਹੈ। ਤਾਰਾ ਨੇ ਕਿਹਾ ਕਿ 'ਟਾਈਮ ਪਾਸ' ਹੁਣ ਮਹਾਂਰਾਸ਼ਟਰ ਦੇ ਸਾਬਕਾ ਸੀ.ਐਮ. ਸੁਸ਼ੀਲ ਸ਼ਿੰਦੇ ਦੇ ਰਿਸ਼ਤੇਦਾਰ ਨਾਲ ਵਿਆਹ ਕਰਵਾ ਕੇ ਰਾਜਨੀਤੀ ਦੇ ਦਮ 'ਤੇ ਉਸ ਨੂੰ (ਆਦਰ ਜੈਨ) ਨੂੰ ਦਿਖਾਏਗੀ ਕਿ ਉਹ ਤਾਕਤਵਰ ਕਿੰਨੀ ਹੈ।

**-ਸੁਖਜੀਤ ਕੌਰ**

# 'ਲਾਸ਼' ਦੀ ਐਕਟਿੰਗ ਕਰਕੇ ਹੋਏ ਸਨ ਮਸ਼ਹੂਰ-ਸਤੀਸ਼ ਸ਼ਾਹ

**ਭਾਰਤੀ** ਸਿਨੇਮਾ ਅਤੇ ਟੀ.ਵੀ. ਦੇ ਮਸ਼ਹੂਰ ਅਭਿਨੇਤਾ ਸਤੀਸ਼ ਸ਼ਾਹ ਪਿਛਲੇ ਦਿਨੀਂ ਗੁਰਦੇ ਦੀ ਬਿਮਾਰੀ ਕਾਰਨ ਆਪਣਾ ਜੀਵਨ ਪੰਧ ਮੁਕਾ ਕੇ ਚਲੇ ਗਏ। ਉਹ ਬਹੁਪੱਖੀ ਕਲਾਕਾਰ ਸਨ। ਕਿਸੇ ਵੀ ਤਰ੍ਹਾਂ ਦਾ ਰੋਲ ਹੋਵੇ, ਉਹ ਹਰ ਰੋਲ ਨੂੰ ਬਾਖ਼ੂਬੀ ਨਿਭਾ ਲੈਂਦੇ ਸਨ। ਆਪਣੇ ਫ਼ਿਲਮੀ ਸਫ਼ਰ ਵਿਚ ਉਨ੍ਹਾਂ ਨੇ ਲਗਭਗ 250 ਫ਼ਿਲਮਾਂ ਵਿਚ ਕੰਮ ਕੀਤਾ।



25 ਜੂਨ, 1951 ਨੂੰ ਜਨਮੇ ਸਤੀਸ਼ ਸ਼ਾਹ ਦਾ 1972 ਵਿਚ ਡਿਜ਼ਾਈਨਰ ਮਧੂ ਸ਼ਾਹ ਨਾਲ ਵਿਆਹ ਹੋਇਆ ਸੀ। ਉਨ੍ਹਾਂ ਦਾ ਵਿਆਹ ਪ੍ਰੇਮ-ਵਿਆਹ ਸੀ ਪਰ ਇਸ ਜੋੜੀ ਦੀ ਟਿਊਨਿੰਗ ਬਹੁਤ ਚੰਗੀ ਰਹੀ। ਉਨ੍ਹਾਂ ਨੂੰ ਜੀਵਨ ਭਰ ਇਕ ਚੀਜ਼ ਦੀ ਘਾਟ ਰੜਕਦੀ ਰਹੀ ਕਿ ਉਨ੍ਹਾਂ ਨੂੰ ਔਲਾਦ ਦਾ ਸੁਖ ਦੇਖਣਾ ਨਾ ਮਿਲਿਆ। ਇਕ ਕਲਾਕਾਰ ਵਜੋਂ ਉਹ ਆਪਣੀ ਬੇਜੋੜ ਮਜ਼ਾਹੀਆ ਟਾਈਮਿੰਗ ਅਤੇ ਜੀਵੰਤ ਅਭਿਨੈ ਲਈ ਜਾਣੇ ਜਾਂਦੇ ਸਨ। ਇਸ ਗੁਜਰਾਤੀ ਕਲਾਕਾਰ ਨੇ ਆਪਣੀ ਕਲਾ ਨਾਲ ਕਈ ਦਹਾਕਿਆਂ ਤੱਕ ਲੋਕਾਂ ਦੇ ਦਿਲਾਂ 'ਚ ਥਾਂ ਬਣਾਈ ਰੱਖੀ।

ਉਨ੍ਹਾਂ ਨੇ ਸਾਲ 1984 ਵਿਚ ਨਿਰੇਦਸ਼ਕ ਕੁੰਦਨ ਸ਼ਾਹ ਤੇ ਮੰਜੁਲ ਸਿਨਹਾ ਦੇ ਆਏ ਸਿਟਕਾਮ 'ਯੇ ਜੋ ਹੈ ਜ਼ਿੰਦਗੀ' ਵਿਚ 55 ਐਪੀਸੋਡਜ਼ ਵਿਚ 55 ਵੱਖ-ਵੱਖ ਕਲਾਕਾਰਾਂ ਦੇ ਕਿਰਦਾਰ ਨਿਭਾ ਕੇ ਆਪਣੇ ਬਹੁਪੱਖੀ ਕਲਾਕਾਰ ਹੋਣ ਦਾ ਸਬੂਤ ਦਿੱਤਾ ਸੀ। ਇਸ ਤੋਂ ਇਲਾਵਾ 'ਸਾਰਾਭਾਈ ਵਰਸਿਜ਼ ਸਾਰਾਭਾਈ' ਵਿਚ ਇੰਦਰਵਦਨ ਸਾਰਾਭਾਈ ਦੇ ਕਿਰਦਾਰ ਨੇ ਉਨ੍ਹਾਂ ਨੂੰ ਘਰ-ਘਰ 'ਚ ਬੇਹੱਦ ਮਸ਼ਹੂਰ ਕਰ ਦਿੱਤਾ। ਰਤਨਾ ਪਾਠਕ ਸ਼ਾਹ ਨਾਲ ਉਨ੍ਹਾਂ ਦੀ ਜੋੜੀ ਨੂੰ ਹਰ ਘਰ 'ਚ ਬੇਹੱਦ ਪਸੰਦ ਕੀਤਾ ਜਾਣ ਲੱਗਾ।

ਇਸ ਤੋਂ ਇਲਾਵਾ 'ਫ਼ਿਲਮੀ ਚੱਕਰ', 'ਘਰ ਜਮਾਈ' ਅਤੇ 'ਆਲ ਦਾ ਬੈਸਟ' ਵਰਗੇ ਸ਼ੋਆਂ 'ਚ ਉਨ੍ਹਾਂ ਦੀ ਹਸਾਉਣ ਕਲਾ ਖ਼ੂਬ ਚਮਕੀ। ਉਨ੍ਹਾਂ ਕਾਮੇਡੀ ਸਰਕਸ ਵਿਚ ਜੱਜ ਦੀ ਭੂਮਿਕਾ ਨਿਭਾਈ ਸੀ। ਫ਼ਿਲਮਾਂ ਵਿਚ ਉਨ੍ਹਾਂ ਦੇ ਕਰੀਅਰ ਦੀ ਸ਼ੁਰੂਆਤ 1980 ਦੇ ਦਹਾਕੇ ਵਿਚ ਹੋਈ ਸੀ। ਫਿਲਮ 'ਜਾਨੇ ਭੀ ਦੋ ਯਾਰੋ' (1983) ਵਿਚ ਮਿਊਸੀਪਲ ਕਮਿਸ਼ਨਰ ਡੀ ਮੈਲੋ ਦਾ ਨਿਭਾਇਆ 'ਲਾਸ਼' ਵਾਲਾ ਕਿਰਦਾਰ ਦਰਸ਼ਕਾਂ ਨੂੰ ਅੱਜ ਤੱਕ ਨਹੀਂ ਭੁੱਲਿਆ।

'ਮੈਂ ਹੂੰ ਨਾ, ਕਲ੍ਹ ਹੋ ਨਾ ਹੋ, ਫਨ੍ਹਾ, ਵੀਰਾਨਾ' ਅਤੇ 'ਓਮ ਸ਼ਾਂਤੀ ਓਮ' ਵਰਗੀਆਂ ਫ਼ਿਲਮਾਂ ਵਿਚ ਉਨ੍ਹਾਂ ਵਲੋਂ ਬੋਲੇ ਡਾਇਲਾਗ ਅੱਜ ਦਰਸ਼ਕਾਂ ਦੇ ਦਿਲੋ-ਦਿਮਾਗ਼ 'ਚ ਤਾਜ਼ਾ ਹਨ। ਉਨ੍ਹਾਂ ਦੀ ਆਖਰੀ ਫਿਲਮ ਸਾਲ 2014 ਵਿਚ ਆਈ 'ਹਮਸ਼ਕਲ' ਸੀ। ਇਸ ਤੋਂ ਇਲਾਵਾ ਉਨ੍ਹਾਂ ਹੋਰ ਵੀ ਕਈ ਫ਼ਿਲਮਾਂ 'ਚ ਛੋਟੇ ਛੋਟੇ ਕਿਰਦਾਰ ਨਿਭਾਏ। ਥੋੜ੍ਹੇ ਸ਼ਬਦਾਂ ਵਿਚ ਉਸ ਬਹੁਪੱਖੀ ਕਲਾਕਾਰ ਬਾਰੇ ਬਹੁਤ ਸਾਰੀ ਜਾਣਕਾਰੀ ਦੇਣੀ ਸੰਭਵ ਨਹੀਂ ਪਰ ਆਪਣੀ ਐਕਟਿੰਗ ਅਤੇ ਕਾਮੇਡੀ ਕਾਰਨ ਹਮੇਸ਼ਾ ਜ਼ਿੰਦਾ ਰਹਿਣਗੇ।

**-ਅ.ਬ.**

# 100 ਕਰੋੜੀ ਬਣਿਆ ਇਮਰਾਨ ਹਾਸ਼ਮੀ

**ਹਾਲ** ਹੀ ਵਿਚ ਰਿਲੀਜ਼ ਤੇਲਗੂ ਫ਼ਿਲਮ 'ਦੇ ਕਾਲ ਹਿਮ ਓਜੀ' (2025) ਇਮਰਾਨ ਹਾਸ਼ਮੀ ਦੇ ਕਰੀਅਰ ਦੀ ਪਹਿਲੀ 100 ਕਰੋੜੀ ਫ਼ਿਲਮ ਬਣ ਚੁੱਕੀ ਹੈ। ਇਕ ਲੰਮੇ ਸਮੇਂ ਤੋਂ ਨਾਕਾਮੀ ਦਾ ਦਰਦ ਸਹਿ ਰਹੇ ਇਮਰਾਨ ਹਾਸ਼ਮੀ ਨੇ ਇਸ ਫ਼ਿਲਮ ਨਾਲ ਜ਼ਬਰਦਸਤ ਵਾਪਸੀ ਕੀਤੀ ਹੈ।

ਕਦੀ ਸੀਰੀਅਲ 'ਕਿੱਸਰ' ਦੇ ਨਾਂਅ ਨਾਲ ਮਸ਼ਹੂਰ ਰਹੇ ਐਕਟਰ ਇਮਰਾਨ ਹਾਸ਼ਮੀ ਬੀਤੇ ਦੋ ਦਹਾਕਿਆਂ ਤੋਂ ਫ਼ਿਲਮੀ ਸਨਅਤ ਵਿਚ ਸਰਗਰਮ ਹਨ। ਇਸ ਦੌਰਾਨ ਉਹ 40 ਤੋਂ ਜ਼ਿਆਦਾ ਫ਼ਿਲਮਾਂ ਕਰ ਚੁੱਕੇ ਹਨ। ਉਸ ਨੇ ਇਕ ਤੋਂ ਵਧ ਕੇ ਇਕ ਕਈ ਹਿੱਟ ਫ਼ਿਲਮਾਂ ਦਿੱਤੀਆਂ ਹਨ ਪਰ ਪਿਛਲਾ ਸਮਾਂ ਉਸ ਲਈ ਕੁਝ ਠੀਕ ਸਾਬਿਤ ਨਹੀਂ ਹੋ ਰਿਹਾ ਸੀ।

ਜੇਕਰ ਇਮਰਾਨ ਦੇ ਕਰੀਅਰ 'ਤੇ ਨਜ਼ਰ ਮਾਰੀ ਜਾਵੇ ਤਾਂ ਹੁਣ ਤੱਕ ਉਸ ਦੀ ਕੋਈ ਵੀ ਫ਼ਿਲਮ 100 ਕਰੋੜ ਦਾ ਅੰਕੜਾ ਪਾਰ ਨਹੀਂ ਕਰ ਸਕੀ ਸੀ ਪਰ ਫ਼ਿਲਮ 'ਦੇ ਕਾਲ ਹਿਮ ਓਜੀ' ਇਮਰਾਨ ਹਾਸ਼ਮੀ ਦੇ ਕਰੀਅਰ ਦੀ ਪਹਿਲੀ 100 ਕਰੋੜੀ ਫ਼ਿਲਮ ਬਣ ਚੁੱਕੀ ਹੈ।

ਹਾਲਾਂਕਿ ਇਮਰਾਨ ਹਾਸ਼ਮੀ ਦੀ ਫ਼ਿਲਮ 'ਦੇ ਕਾਲ ਹਿਮ ਓਜੀ' ਦੇ ਪਹਿਲਾਂ ਫ਼ਿਲਮ 'ਦ ਡਰਟੀ ਪਿਕਚਰ' (80 ਕਰੋੜ), 'ਬਾਦਸ਼ਾਹੋ' (78.1 ਕਰੋੜ), 'ਰਾਜ-3' (70.07 ਕਰੋੜ), 'ਵੰਸ ਅਪਾਨ ਆ ਟਾਈਮ ਇਨ ਮੁੰਬਈ' (55.47 ਕਰੋੜ) ਅਤੇ 'ਮਰਡਰ-2' (47.90 ਕਰੋੜ) ਦਾ ਕਾਰੋਬਾਰ ਕੀਤਾ ਅਤੇ ਇਹ ਉਨ੍ਹਾਂ ਦੀਆਂ ਟੌਪ 5 ਸਭ ਤੋਂ ਵੱਧ ਕਮਾਈ ਵਾਲੀਆਂ ਫ਼ਿਲਮਾਂ ਹਨ।

ਸਾਲ 2011 ਵਿਚ ਆਈ ਫ਼ਿਲਮ 'ਦ ਡਰਟੀ ਪਿਕਚਰ' ਵਿਚ ਇਮਰਾਨ ਹਾਸ਼ਮੀ ਦੇ ਨਾਲ ਵਿੱਦਿਆ ਬਾਲਨ ਅਤੇ ਨਸੀਰੂਦੀਨ ਸ਼ਾਹ ਸਨ। ਦੱਖਣ ਦੀ ਮਸ਼ਹੂਰ ਅਦਾਕਾਰਾ ਸਿਲਕ ਦੇ ਜੀਵਨ 'ਤੇ ਆਧਾਰਿਤ ਬਣੀ ਇਸ ਫ਼ਿਲਮ ਨੂੰ ਬਹੁਤ ਪਸੰਦ ਕੀਤਾ ਗਿਆ ਸੀ।

ਸਾਲ 2017 ਵਿਚ ਰਿਲੀਜ਼ ਇਮਰਾਨ ਹਾਸ਼ਮੀ ਦੀ ਫ਼ਿਲਮ 'ਬਾਦਸ਼ਾਹੋ' ਨੇ ਸਿਨੇਮਾਹਾਲ ਵਿਚ ਕਾਫ਼ੀ ਚੰਗਾ ਕਾਰੋਬਾਰ ਕੀਤਾ ਸੀ। ਫ਼ਿਲਮ ਵਿਚ ਇਮਰਾਨ ਹਾਸ਼ਮੀ ਦਾ ਖ਼ਾਸ ਅੰਦਾਜ਼ ਪ੍ਰਸ਼ੰਸਕਾਂ ਨੂੰ ਕਾਫ਼ੀ ਪਸੰਦ ਆਇਆ ਸੀ।

ਡਰਾਉਣੀਆਂ ਫ਼ਿਲਮਾਂ ਲਈ ਮਸ਼ਹੂਰ ਨਿਰਦੇਸ਼ਕ ਵਿਕਰਮ ਭੱਟ ਦੀ ਫ਼ਿਲਮ 'ਰਾਜ-3' ਵਿਚ ਇਮਰਾਨ ਹਾਸ਼ਮੀ ਅਤੇ ਬਿਪਾਸ਼ਾ ਬਸੂ ਵਿਚਾਲੇ ਕਈ ਜ਼ਬਰਦਸਤ ਇੰਟੀਮੇਟ ਦ੍ਰਿਸ਼ ਸਨ। ਪ੍ਰਸ਼ੰਸਕਾਂ ਨੇ ਫ਼ਿਲਮ ਨੂੰ ਬਹੁਤ ਪਸੰਦ ਕੀਤਾ ਸੀ।

ਅੰਡਰਵਰਲਡ ਕ੍ਰਾਈਮ 'ਤੇ ਆਧਾਰਿਤ ਬਾਲਾਜੀ ਮੋਸ਼ਨ ਦੇ ਬੈਨਰ ਹੇਠ ਬਣੀ ਫ਼ਿਲਮ 'ਵੰਸ ਅਪਾਨ ਅ ਟਾਈਮ ਇਨ ਮੁੰਬਈ' ਵਿਚ ਇਮਰਾਨ ਹਾਸ਼ਮੀ ਤੋਂ ਇਲਾਵਾ ਫ਼ਿਲਮ ਵਿਚ ਅਜੈ ਦੇਵਗਨ, ਪ੍ਰਾਚੀ ਦੇਸਾਈ, ਰਣਦੀਪ ਹੁੱਡਾ ਸਮੇਤ ਕਈ ਕਲਾਕਾਰ ਸਨ। ਫ਼ਿਲਮ ਨੂੰ ਦਰਸ਼ਕਾਂ ਦਾ ਜ਼ਬਰਦਸਤ ਹੁੰਗਾਰਾ ਮਿਲਿਆ ਸੀ।

ਇਮਰਾਨ ਹਾਸ਼ਮੀ ਦੀ ਸਭ ਤੋਂ ਵਧ ਕਮਾਈ ਕਰਨ ਵਾਲੀ ਫ਼ਿਲਮ ਸੂਚੀ ਵਿਚ 'ਮਰਡਰ-2' ਦਾ ਨਾਂਅ ਸ਼ਾਮਿਲ ਹੈ। ਇਸ ਫ਼ਿਲਮ ਨੇ ਹਮੇਸ਼ਾ ਦੀ ਤਰ੍ਹਾਂ ਹੀ ਇਮਰਾਨ ਹਾਸ਼ਮੀ ਨੇ ਆਪਣੀ ਪਰਦੇ ਦੀ ਪੇਸ਼ਕਾਰੀ ਅਤੇ ਆਪਣਾ ਜ਼ਬਰਦਸਤ ਜਲਵਾ ਬਿਖੇਰਦੇ ਹੋਏ ਹਰ ਕਿਸੇ ਨੂੰ ਆਪਣਾ ਦੀਵਾਨਾ ਬਣਾ ਲਿਆ ਸੀ।

ਪਰ ਇਮਰਾਨ ਹਾਸ਼ਮੀ ਦੀ ਫ਼ਿਲਮ 'ਦੇ ਕਾਲ ਹਿਮ ਓਜੀ' ਨੇ ਸਿਰਫ਼ ਭਾਰਤ ਵਿਚ ਹੀ ਨਹੀਂ, ਸਗੋਂ ਸੰਸਾਰ ਪੱਧਰ 'ਤੇ ਆਪਣਾ ਡੰਕਾ ਵਜਾਇਆ ਹੈ। ਵਪਾਰ ਰਿਪੋਰਟਾਂ ਅਨੁਸਾਰ ਸੁਜੀਤ ਦੇ ਨਿਰਦੇਸ਼ਨ ਵਿਚ 250 ਕਰੋੜ ਰੁਪਏ ਦੇ ਬਜਟ ਵਿਚ ਤਿਆਰ ਇਸ ਫ਼ਿਲਮ ਨੇ ਪਹਿਲੇ ਹੀ ਦਿਨ 154 ਕਰੋੜ ਰੁਪਏ ਦਾ ਕਾਰੋਬਾਰ ਕੀਤਾ।

ਇਸ ਤਰ੍ਹਾਂ 22 ਸਾਲ ਦੇ ਕਰੀਅਰ ਵਿਚ 'ਦੇ ਕਾਲ ਹਿਮ ਓਜੀ' ਇਮਰਾਨ ਹਾਸ਼ਮੀ ਦੀ ਸ਼ੁਰੂਆਤੀ ਦਿਨ ਦੀ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਫ਼ਿਲਮ ਵੀ ਬਣੀ। ਇਸ ਤੇਲਗੂ ਫ਼ਿਲਮ ਜ਼ਰੀਏ ਇਮਰਾਨ ਹਾਸ਼ਮੀ ਨੇ ਨਾ ਸਿਰਫ਼ ਦੱਖਣ ਭਾਰਤੀ ਸਨਅਤ ਵਿਚ ਕਦਮ ਰੱਖਿਆ, ਸਗੋਂ ਪਵਨ ਕਲਿਆਣ ਨਾਲ ਉਸ ਦੀ ਜੋੜੀ ਨੂੰ ਦਰਸ਼ਕਾਂ ਨੇ ਕਾਫ਼ੀ ਪਸੰਦ ਵੀ ਕੀਤਾ।

-0-




**ਸੁਭਾਸ਼ ਸ਼ਿਰਢੋਨਕਰ**

# 'ਕਾਂਤਾਰਾ ਚੈਪਟਰ-1' ਦੀ ਰਾਜ ਕੁਮਾਰੀ 'ਕਨਕਵਤੀ', ਰੁਕਮਣੀ ਬਸੰਤ

**ਰਿਸ਼ਭ** ਸ਼ੈਟੀ ਦੀ ਫ਼ਿਲਮ 'ਕਾਂਤਾਰਾ ਚੈਪਟਰ-1' ਵਿਚ ਰਾਜ ਕੁਮਾਰੀ ਕਨਕਵਤੀ ਦੀ ਭੂਮਿਕਾ ਵਿਚ ਜੰਮ ਕੇ ਸੁਰਖੀਆਂ ਬਟੋਰ ਚੁੱਕੀ ਦੱਖਣ ਦੀ ਹਰਮਨਪਿਆਰੀ ਅਤੇ ਬੇਹੱਦ ਖ਼ੂਬਸੂਰਤ ਅਦਾਕਾਰਾ ਰੁਕਮਣੀ ਬਸੰਤ ਦਾ ਕਰੀਅਰ ਲਗਾਤਾਰ ਅੱਗੇ ਵਧ ਰਿਹਾ ਹੈ। ਰੁਕਮਣੀ ਨੇ ਆਪਣੇ ਆਕਰਸ਼ਕ ਅਭਿਨੈ ਅਤੇ ਅਸਧਾਰਨ ਅਨੁਕੂਲਨਸ਼ੀਲਤਾ ਨਾਲ ਆਪਣਾ ਨਾਂਅ ਬਣਾਇਆ ਹੈ।

2 ਅਕਤੂਬਰ, 2025 ਨੂੰ ਕੰਨੜ, ਹਿੰਦੀ, ਤੇਲਗੂ, ਮਲਿਆਲਮ, ਤਾਮਿਲ, ਬੰਗਾਲੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਦੁਨੀਆ ਭਰ ਵਿਚ ਰਿਲੀਜ਼ ਪੈਨ ਇੰਡੀਆ ਫ਼ਿਲਮ 'ਕਾਂਤਾਰਾ ਚੈਪਟਰ-1' ਵਿਚ ਰੁਕਮਣੀ ਅਤੇ ਰਿਸ਼ਭ ਸ਼ੈਟੀ ਦੀ ਕੈਮਿਸਟਰੀ ਪ੍ਰਸ਼ੰਸਕਾਂ ਨੂੰ ਬਹੁਤ ਪਸੰਦ ਆ ਰਹੀ ਹੈ। ਫ਼ਿਲਮ 'ਕਾਂਤਾਰਾ ਚੈਪਟਰ-1' ਰਿਸ਼ਭ ਸ਼ੈਟੀ ਦੀ ਸਾਲ 2022 ਵਿਚ ਰਿਲੀਜ਼ ਬਲਾਕਬੱਸਟਰ ਫ਼ਿਲਮ 'ਕਾਂਤਾਰਾ' ਦਾ ਪ੍ਰੀਕਵਲ ਹੈ। ਇਹ ਫ਼ਿਲਮ ਟਿਕਟ ਖਿੜਕੀ 'ਤੇ ਕਈ ਪੁਰਾਣੇ ਰਿਕਾਰਡ ਤੋੜਦੇ ਹੋਏ ਨਵੇਂ ਰਿਕਾਰਡ ਬਣਾ ਚੁੱਕੀ ਹੈ। 'ਕਾਂਤਾਰਾ ਚੈਪਟਰ-1' ਦੀ ਨਾਇਕਾ ਰੁਕਮਣੀ ਅਸਲ ਜ਼ਿੰਦਗੀ ਵਿਚ ਬੇਹੱਦ ਗਲੈਮਰਸ ਹੈ। ਉਸ ਦੀ ਇਕ ਝਲਕ ਦੇਖ ਕੇ ਕੋਈ ਵੀ ਮਦਹੋਸ਼ ਹੋ ਜਾਂਦਾ ਹੈ। ਨਿਰਦੇਸ਼ਕ ਅਰੁਮੁਗਾ ਕੁਮਾਰ ਦੇ ਨਿਰਦੇਸ਼ਨ ਵਿਚ ਬਣੀ ਇਸ ਫ਼ਿਲਮ ਵਿਚ ਉਹ ਥਲਪਤੀ ਵਿਜੈ ਦੇ ਨਾਲ ਰੂਕੂ ਦੇ ਸ਼ਾਨਦਾਰ ਕਿਰਦਾਰ ਵਿਚ ਨਜ਼ਰ ਆਈ ਸੀ। ਰੁਕਮਣੀ ਬਸੰਤ ਪਿਛਲੇ ਸਾਲ 'ਬਗੀਰਾ' ਅਤੇ 'ਬੈਰਾਠੀ ਰੰਗਲ' ਵਰਗੀਆਂ ਕੰਨੜ ਵਿਚ ਬਣੀਆਂ ਸੁਪਰਹਿੱਟ ਫ਼ਿਲਮਾਂ ਵਿਚ ਨਜ਼ਰ ਆ ਚੁੱਕੀ ਹੈ। ਹੁਣ ਰੁਕਮਣੀ ਯਸ਼ ਵਰਗੇ ਕਲਾਕਾਰ ਦੀ ਫ਼ਿਲਮ 'ਟਾਕਿਸਕ' ਅਤੇ ਪ੍ਰਸ਼ਾਂਤ ਨੀਲ-ਜੂਨੀਅਰ ਐਨ. ਟੀ. ਆਰ. ਦੀ ਫ਼ਿਲਮ 'ਡ੍ਰੈਗਨ' ਵਿਚ ਵੀ ਮੁੱਖ ਭੂਮਿਕਾ ਵਿਚ ਨਜ਼ਰ ਆਵੇਗੀ। 'ਟਾਕਿਸਕ' ਅਗਲੇ ਸਾਲ 19 ਮਾਰਚ ਨੂੰ ਰਿਲੀਜ਼ ਹੋਵੇਗੀ। ਦੂਜੇ ਪਾਸੇ ਫ਼ਿਲਮ 'ਡ੍ਰੈਗਨ' ਦਾ ਇਕ ਵੱਡਾ ਹਿੱਸਾ ਕਰਨਾਟਕ ਵਿਚ ਪੂਰਾ ਹੋ ਚੁੱਕਾ ਹੈ। ਇਸ ਤੋਂ ਬਾਅਦ ਹੈਦਰਾਬਾਦ ਵਿਚ ਫ਼ਿਲਮ ਦੇ ਅਗਲੇ ਹਿੱਸੇ ਦੀ ਸ਼ੂਟਿੰਗ ਜਾਰੀ ਹੈ। ਖ਼ਬਰਾਂ ਅਨੁਸਾਰ ਬਾਲੀਵੁੱਡ ਅਭਿਨੇਤਾ ਅਨਿਲ ਕਪੂਰ ਨੂੰ ਵੀ ਇਸ ਵਿਚ ਅਹਿਮ ਭੂਮਿਕਾ ਵਿਚ ਲਿਆ ਜਾ ਸਕਦਾ ਹੈ। ਹਾਲਾਂਕਿ, ਨਿਰਮਾਤਾ ਵਲੋਂ ਹਾਲੇ ਇਸ ਦੀ ਪੁਸ਼ਟੀ ਹੋਣਾ ਬਾਕੀ ਹੈ।





# 'ਨੋ ਐਂਟਰੀ-2' ਲਈ ਵਰੁਣ ਧਵਨ ਨੂੰ ਮਨਾਉਣ ਦੀ ਕੋਸ਼ਿਸ਼

**ਬਾਲੀਵੁੱਡ** ਫ਼ਿਲਮ ਨਿਰਮਾਤਾ ਬੋਨੀ ਕਪੂਰ ਸਾਲ 2005 ਵਿਚ ਆਈ ਹਿਟ ਫ਼ਿਲਮ 'ਨੋ ਐਂਟਰੀ' ਦਾ ਵਿਸਥਾਰ 'ਨੋ ਐਂਟਰੀ-2' ਬਣਾ ਰਹੇ ਹਨ।

ਤਾਮਿਲ ਫ਼ਿਲਮ 'ਚਾਰਲੀ ਚੈਪਲਿਨ' ਦੀ ਰੀਮੇਕ 'ਨੋ ਐਂਟਰੀ' ਵਿਚ ਸਲਮਾਨ ਦੇ ਨਾਲ ਅਨਿਲ ਕਪੂਰ, ਈਸ਼ਾ ਦਿਓਲ, ਲਾਰਾ ਦੱਤਾ, ਸੇਲੀਨਾ ਜੇਟਲੀ, ਫਰਦੀਨ ਖਾਨ ਅਤੇ ਬਿਪਾਸ਼ਾ ਬਸੂ ਜਿਹੇ ਸਟਾਰ ਮੁੱਖ ਭੂਮਿਕਾ ਵਿਚ ਨਜ਼ਰ ਆਏ ਸਨ। 'ਨੋ ਐਂਟਰੀ-2' ਵਿਚ ਬੋਨੀ ਕਪੂਰ ਦੇ ਬੇਟੇ ਅਰਜੁਨ ਕਪੂਰ, ਦਿਲਜੀਤ ਦੋਸਾਂਝ ਅਤੇ ਵਰੁਣ ਧਵਨ ਮੁੱਖ ਭੂਮਿਕਾਵਾਂ ਵਿਚ ਨਜ਼ਰ ਆਉਣ ਵਾਲੇ ਸਨ ਪਰ ਕੁਝ ਦਿਨ ਪਹਿਲਾਂ ਐਕਟਰ ਦਿਲਜੀਤ ਦੋਸਾਂਝ ਨੇ ਇਸ ਫ਼ਿਲਮ ਤੋਂ ਕਿਨਾਰਾ ਕਰ ਲਿਆ।

ਹੁਣ ਖ਼ਬਰਾਂ ਆ ਰਹੀਆਂ ਹਨ ਕਿ ਵਰੁਣ ਧਵਨ ਨੇ ਫ਼ਿਲਮ ਛੱਡ ਦਿੱਤੀ ਹੈ। ਵਰੁਣ ਧਵਨ ਇਨ੍ਹੀਂ ਦਿਨੀਂ 'ਬਾਰਡਰ-2', 'ਭੇੜੀਆ-2' ਅਤੇ 'ਹੈ ਜਵਾਨੀ ਤੋ ਇਸ਼ਕ ਹੋਨਾ ਹੈ' ਵਰਗੇ ਆਪਣੇ ਦੂਜੇ ਵੱਡੇ ਪ੍ਰੋਜੈਕਟਾਂ ਵਿਚ ਕਾਫ਼ੀ ਰੁੱਝੇ ਹੋਏ ਹਨ।

ਵਰੁਣ ਧਵਨ ਦੇ ਇਹ ਸਭ ਪ੍ਰੋਜੈਕਟ ਅਗਲੇ ਸਾਲ ਦੇ ਅੱਧ ਵਿਚ ਰਿਲੀਜ਼ ਹੋਣੇ ਹਨ। ਇਸ ਲਈ ਇਨ੍ਹਾਂ ਨੂੰ 'ਨੋ ਐਂਟਰੀ-2' ਦੀ ਸ਼ੂਟਿੰਗ ਲਈ ਤਰੀਕ ਦੀ ਮੁਸ਼ਕਿਲ ਆ ਰਹੀ ਸੀ।

ਜੇਕਰ ਰਿਪੋਰਟਾਂ ਦੀ ਮੰਨੀਏ ਤਾਂ ਨਿਰਮਾਤਾ ਵਲੋਂ ਇਨ੍ਹਾਂ ਮੁਸ਼ਕਿਲਾਂ ਨੂੰ ਖ਼ਤਮ ਕਰਦੇ ਹੋਏ ਵਰੁਣ ਧਵਨ ਨੂੰ ਮਨਾਉਣ ਅਤੇ ਉਸ ਨਾਲ ਤਰੀਕ ਦਾ ਸਮਝੌਤਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਨਿਰਮਾਤਾ ਚਾਹੁੰਦੇ ਹਨ ਕਿ ਵਰੁਣ ਕਿਸੇ ਵੀ ਹਾਲਤ ਵਿਚ ਖ਼ੁਦ ਨੂੰ ਫ਼ਿਲਮ ਤੋਂ ਵੱਖ ਨਾ ਕਰੇ। ਇਸੇ ਵਜ੍ਹਾ ਕਰਕੇ ਨਿਰਮਾਤਾ ਹੁਣ ਇਸ ਮੁੱਦੇ 'ਤੇ ਬਿਆਨ ਦੇਣ ਤੋਂ ਬਚਦੇ ਨਜ਼ਰ ਆ ਰਹੇ ਹਨ।

-0-